## PUNJAB STATE POWER CORPORATION LIMITED

Regd. Office: PSEB, Head Office, The Mall, Patiala
Office of CFO, The Mall, Patiala
CIN: U40109PB2010SGCO33813

Ph. & FAX: 0175-2213223
Website: www.pspcl.in
E-mail: aoincometax@gmail.com

ਵੱਲ

1) ਲੇਖਾ ਅਤੇ ਵਿੱਤ ਮੈਨੇਜਰ, ਜੀ.ਐਨ.ਡੀ.ਟੀ.ਪੀ, ਪੰ:ਸ:ਪਾ:ਕਾ:ਲਿ:,ਬਠਿੰਡਾ।

ਅਤੀ ਜਰੂਰੀ 2) ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ, ਜੀ.ਜੀ.ਐਸ.ਐਸ.ਟੀ.ਪੀ. ਪਲਾਂਟ ਸਾਇਟ,ਪੋਸਟ ਆਫਿਸ ਘਨੌਲੀ, ਪੰ:ਸ:ਪਾ:ਕਾ:ਲਿ:, ਰੋਪੜ।

3) ਉੱਪ ਮੁੱਖ ਲੇਖਾ ਅਫਸਰ, ਸ੍ਰੀ ਗੁਰੂ ਹਰਗੋਬਿੰਦ ਥਰਮਲ ਪਲਾਂਟ, ਪੰ:ਸ:ਪਾ:ਕਾ:ਲਿ:, ਲਹਿਰਾਮੁਹੱਬਤ।

4) ਸਾਰੇ ਵਧੀਕ/ ਸੀ:ਕਾਰਜਕਾਰੀ ਇੰਜੀਨੀਅਰ, ਸੰਚਾਲਨ, ਟੀ.ਆਰ.ਡਬਲਿਉ, ਪੀ ਤੇ ਐਮ, ਟੀ.ਐਲ., ਗਰੀਡ ਮੈਂਟੀਨੈਸ,ਸਿਵਲ ਵਰਕਸ,ਪ੍ਰੋਟੈਕਸ਼ਨ,ਗਰਿਡ ਉਸਾਰੀ ਅਤੇ ਹਾਈਡਲ ਪ੍ਰੋਜੈਕਟ ਪੰ:ਸ:ਪਾ:ਕਾ:ਲਿ:।

5) ਸਾਰੇ ਲੇਖਾ ਅਫਸਰ/ਕੈਸ਼, ਤਨਖਾਹ ਤੇ ਲੇਖਾ-1-2, ਬੈਕਿੰਗ, ਲੋਨ ਤੇ ਡਿਪਾਜਿਟ, ਏ.ਪੀ.ਡੀ.ਆਰ.ਪੀ., ਆਰ.ਈ.,ਸੀ.ਪੀ.ਸੀ (ਐਮ), ਪੰ:ਸ:ਪਾ:ਕਾ:ਲਿ:, ਪਟਿਆਲਾ।

6) ਸਾਰੇ ਲੇਖਾ ਅਫਸਰ/ਫੀਲਡ, ਪ੍ਰੀ ਆਡਿਟ, ਹਾਈਡਲ ਪ੍ਰੋਜੈਕਟਸ, ਪੰ:ਸ:ਪਾ:ਕਾ:ਲਿ:।

7) ਸੁਪਰਡੈਂਟ/ਬਿਲਜ-1, 2 ਅਤੇ 3, ਪੰ:ਸ:ਪਾ:ਕਾ:ਲਿ:, ਪਟਿਆਲਾ।

ਮੀਮੋ ਨੰ: 1112/1329 / ਮੁ:ਵਿੱ: ਅ:/ਇੰ:ਟੈਕਸ/ 2017-18 ਮਿਤੀ: 18.07.2017

ਵਿਸ਼ਾ:- ਇਨਕਮ ਟੈਕਸ ਐਕਟ- 1961 ਦੀ ਧਾਰਾ 44-ਏ.ਬੀ ਅਧੀਨ ਸਰਟੀਫਿਕੇਟ ਫਾਰਮ-3 ਸੀਏ ਅਤੇ 3 ਸੀ.ਡੀ. ਜਾਰੀ ਕਰਨ ਸਬੰਧੀ ਵਿੱਤੀ ਸਾਲ 2016-17 (ਸਮਾਂ 01-4-2016 ਤੋਂ 31-3-2017 ਤੱਕ)।

ਇਨਕਮ ਟੈਕਸ ਐਕਟ-1961 ਦੀ ਧਾਰਾ 44-ਏ.ਬੀ ਅਧੀਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਆਪਣਾ ਅਕਾਊਂਟ ਚਾਰਟਡ ਅਕਾਊਟੈਂਟ ਤੋਂ ਟੈਕਸ ਆਡਿਟ ਕਰਵਾਉਣਾ ਹੁੰਦਾ ਹੈ ਅਤੇ ਫਾਰਮ-3 ਸੀ.ਏ ਅਤੇ 3 ਸੀ.ਡੀ. ਵਿਚ ਰਿਪੋਰਟ ਪ੍ਰਾਪਤ ਕਰਨੀ ਹੁੰਦੀ ਹੈ ਅਤੇ ਇਸ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਕੰਪਨੀ ਦੀ ਸਲਾਨਾ ਇਨਕਮ ਟੈਕਸ ਦੀ ਰਿਟਰਨ ਦੇ ਨਾਲ ਇਨਕਮ ਟੈਕਸ ਮਹਿਕਮੇ ਨੂੰ ਭੇਜਣਾ ਹੁੰਦਾ ਹੈ। ਵਿੱਤੀ ਸਾਲ 2016-17 ਦੀ ਇਨਕਮ ਟੈਕਸ ਭਰਨ ਦੀ ਆਖਰੀ ਮਿਤੀ ਨਜ਼ਦੀਕ ਆ ਰਹੀ ਹੈ ਅਤੇ ਇਸ ਤੋ ਪਹਿਲਾਂ ਟੈਕਸ ਆਡਿਟ ਕਰਾਉਣਾ ਲਾਜਮੀ ਹੈ।

ਇਨਕਮ ਟੈਕਸ ਵਿਭਾਗ ਵਲੋ ਜਾਰੀ ਹਦਾਇਤਾ ਅਨੁਸਾਰ ਫਾਰਮ 3 ਸੀ.ਏ./3 ਸੀ.ਡੀ.(ਟੈਕਸ ਆਡਿਟ ਰਿਪੋਰਟ) ਦਾ ਪ੍ਰੋਫਾਰਮਾ ਨਾਲ ਨੱਥੀ ਕਰਦੇ **ਹੋਏ ਲਿਖਿਆ ਜਾਂਦਾ** ਹੈ **ਕੇ** ਕੰਪਨੀ ਦੀ ਵਿੱਤੀ ਸਾਲ 2016-17 (ਸਮਾਂ 1-4-16 ਤੋ 31-3-2017) ਸਬੰਧੀ ਲੋੜੀਂਦੀ ਸੂਚਨਾ ਨੱਥੀ ਪ੍ਰੋਫਾਰਮੇ ਤੇ ਭਰ ਕੇ ਮਿਤੀ 28-07-2017 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜੀ ਜਾਵੇ। ਇਸ ਤੋ ਇਲਾਵਾ ਇਸ ਸੂਚਨਾ ਦੀ ਸੋਫਟ ਕਾਪੀ ਇਸ ਦਫਤਰ ਦੀ ਇਮੇਲ ਆਈ ਡੀ. **aoincometax@gmail.com** ਤੇ ਵੀ ਭੇਜਣੀ ਯਕੀਨੀ ਬਣਾਈ ਜਾਵੇ। ਆਪ ਦੇ ਦਫਤਰ ਸੰਬੰਧੀ ਇਹ ਸੂਚਨਾ ਨਿੱਲ ਹੋਣ ਦੀ ਸੂਰਤ ਵਿੱਚ ਵੀ ਸੰਬੰਧਤ ਕਾਲਮ ਪ੍ਰੋਫਾਰਮੇ ਅਨੁਸਾਰ ਭਰਕੇ ਸੂਚਨਾ ਇਸ ਦਫਤਰ ਨੂੰ ਭੇਜੀ ਜਾਵੇ, ਤਾਂ ਜੋ ਇਹ ਸੂਚਨਾਂ ਸੰਯੁਕਤ ਰੂਪ ਵਿਚ ਤਿਆਰ ਕਰਕੇ ਚਾਰਟਰਡ ਅਕਾਊਟੈਂਟ ਨੂੰ ਟੈਕਸ ਆਡਿਟ ਲਈ ਪੇਸ਼ ਕੀਤੀ ਜਾ ਸਕੇ ਅਤੇ ਲੋੜੀਂਦਾ ਸਰਟੀਫਿਕੇਟ ਜਾਰੀ ਕਰਵਾਉਣ ਉਪਰੰਤ ਸਲਾਨਾ ਇਨਕਮਟੈਕਸ ਦੀ ਰਿਟਰਨ ਨਾਲ ਲਗਾਇਆ ਜਾ ਸਕੇ । ਉਪਰੋਕਤ ਸੂਚਨਾ ਨਾ ਪ੍ਰਾਪਤ ਹੋਣ ਕਾਰਨ ਜਾਂ ਦੇਰੀ ਨਾਲ ਪ੍ਰਾਪਤ ਹੋਣ ਕਾਰਨ ਟੈਕਸ ਆਡੀਟਰ ਵਲੋ ਜੇਕਰ ਕੋਈ ਅਡਵਰਸ ਰੀਮਾਕਰਸ ਦਿੱਤਾ ਜਾਂਦਾ ਹੈ ਜਾਂ ਕਿਸੇ ਕਿਸਮ ਦਾ ਜੁਰਮਾਨਾ/ਦੰਡ ਆਮਦਨ ਕਰ ਵਿਭਾਗ ਵਲੋ ਲਗਾਇਆ ਜਾਂਦਾ ਹੈ ਤਾਂ ਇਸ ਦੀ ਜੁੰਮੇਵਾਰੀ ਆਪ ਜੀ ਦੇ ਦਫਤਰ ਦੀ ਹੋਵੇਗੀ।

ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ ਜੀ।

18/7/17

ਨੱਥੀ/ਪ੍ਰੋਫਾਰਮਾ

ਲੇਖਾ ਅਫਸਰ/ਇਨਕਮ ਟੈਕਸ ਸੈਲ,
ਵਾ: ਮੁੱਖ ਵਿੱਤੀ ਅਫਸਰ ਪੰ:ਸ:ਪਾ:ਕਾ:ਲਿ:,
ਪਟਿਆਲਾ।

ਪਿੱਠ ਅੰਕਣ ਨੰ: / ਮੁ:ਵਿੱ: ਅ:/ਇੰ:ਟੈਕਸ/ ਮਿਤੀ:

ਉਪਰੋਕਤ ਦਾ ਉਤਾਰਾ ਸਾਰੇ ਪ੍ਰਮੁੱਖ ਇੰਜੀਨੀਅਰ/ਮੁੱਖ ਇੰਜੀਨੀਅਰ,ਪੰ:ਸ:ਪਾ:ਕਾ:ਲਿ:ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਅਧੀਨ ਆਉਂਦੇ ਦਫਤਰਾ ਤੋ ਉਪਰੋਕਤ ਮੰਗੀ ਗਈ ਸੂਚਨਾ ਮਿੱਥੀ ਮਿਤੀ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਕਿਉਕਿ ਇਹ ਸੂਚਨਾ ਪ੍ਰਾਪਤ ਨਾ ਹੋਣ ਕਾਰਨ ਜਾਂ ਦੇਰੀ ਨਾਲ ਪ੍ਰਾਪਤ ਹੋਣ ਕਾਰਨ ਕੰਪਨੀ ਨੂੰ ਆਮਦਨਕਰ ਰਿਟਰਨ ਫਾਇਲ ਕਰਨ ਸਮੇ ਲਾਸਿਜ਼ ਕੈਰੀਫਾਰਵਰਡ ਕਰਨ ਦਾ ਲਾਭ ਨਹੀ ਮਿਲਦਾ ਜਿਸ ਕਾਰਨ ਕੰਪਨੀ ਨੂੰ ਭਾਰੀ ਵਿੱਤੀ ਨੁਕਸਾਨ ਹੋ ਸਕਦਾ ਹੈ।

-Sd-
ਲੇਖਾ ਅਫਸਰ/ਇਨਕਮ ਟੈਕਸ ਸੈਲ,
ਵਾ: ਮੁੱਖ ਵਿੱਤੀ ਅਫਸਰ ਪੰ:ਸ:ਪਾ:ਕਾ:ਲਿ:,
ਪਟਿਆਲਾ।

ਪਿੱਠ ਅੰਕਣ ਨੰ: / ਮੁ:ਵਿੱ: ਅ:/ਇੰ:ਟੈਕਸ/ ਮਿਤੀ:

ਉਪਰੋਕਤ ਦਾ ਉਤਾਰਾ ਉਪ ਮੁੱਖ ਇੰਜੀਨੀਅਰ/ਆਈ.ਟੀ.ਪੰ:ਸ:ਪਾ:ਕਾ:ਲਿ:ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਪੰ:ਸ:ਪਾ:ਕਾ:ਲਿ:ਦੀ ਸਾਈਟ ਤੇ ਹੇਠ ਲਿਖੇ ਲਿੰਕ ਤੇ ਪਾਇਆ ਜਾਵੇ ਜੀ:

Information centre—Regulations and circulars—CAO Regulations—A&R and Income Tax—Income Tax instructions and 3CA/3CD Performa for the F.Y. 2016 -17 (A.Y. 2017-18).

-Sd-
ਲੇਖਾ ਅਫਸਰ/ਇਨਕਮ ਟੈਕਸ ਸੈਲ,
ਵਾ: ਮੁੱਖ ਵਿੱਤੀ ਅਫਸਰ ਪੰ:ਸ:ਪਾ:ਕਾ:ਲਿ:,
ਪਟਿਆਲਾ।

ਨੱਥੀ/ਪ੍ਰੋਫਾਰਮਾ